# ‘AA APA GHAR BANAYIE’ KAHANI VICH MANUKHI HAUME DA CHITRAN (VISHVIKARAN DE PRASANG VICH)

# ‘ਆ ਆਪਾਂ ਘਰ ਬਣਾਈਏ’ ਕਹਾਣੀ ਵਿਚ ਮਨੁੱਖੀ ਹਉਮੈਂ ਦਾ ਚਿਤਰਨ (ਵਿਸ਼ਵੀਕਰਨ ਦੇ ਪ੍ਰਸੰਗ ਵਿਚ)

**ਬੇਅੰਤ ਸਿੰਘ ਸਰਾਂ** (Beant Singh Sran)

ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ,

ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਚੁੰਘ, ਤਰਨ ਤਾਰਨ (ਪੰਜਾਬ)

Email ID: beantsinghsran89@gmail.com ਮੋਬਾਈਲ: +91-94648-74570

**ਸਾਰ (Abstract)**

*ਸਿਮਰਨ ਧਾਲੀਵਾਲ ਅਜੋਕੇ ਸਮੇਂ ਦਾ ਨੌਜਵਾਨ ਕਹਾਣੀਕਾਰ ਹੈ। ਉਸ ਦੇ ਅੱਧੀ ਦਰਜਨ ਤੋਂ ਵੱਧ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। ਉਹ ਉੱਤਮ ਪੁਰਖੀ ਸ਼ੈਲੀ ਵਿਚ ਜਿਆਦਾ ਕਹਾਣੀ ਰਚਨਾ ਕਰਦਾ ਹੈ। ਅਜੋਕੇ ਵਿਸ਼ਵੀਕਰਨ ਦੇ ਦੌਰ ਵਿੱਚ ਮਨੁੱਖ ਅਨੇਕਾਂ ਪ੍ਰਕਾਰ ਦੀਆਂ ਮਾਨਸਿਕ , ਸਮਾਜਿਕ ਉਲਝਣਾਂ ਦਾ ਸ਼ਿਕਾਰ ਹੋ ਰਿਹਾ ਹੈ। ਸਿਮਰਨ ਧਾਲੀਵਾਲ ਦੀਆਂ ਕਹਾਣੀਆਂ ਅਜਿਹੀਆਂ ਸਥਿਤੀਆਂ/ ਉਲਝਣਾਂ ਵਿਚ ਫਸੇ ਮਨੁੱਖ ਦੀ ਮਾਨਸਿਕਤਾ ਨੂੰ ਧੁਰ ਅੰਦਰ ਤੱਕ ਬਹੁਤ ਬਾਰੀਕੀ ਤੇ ਪੁਖਤਗੀ ਨਾਲ ਚਿੱਤਰਦੀਆਂ ਹਨ। ਉਸ ਦੀਆਂ ਕਹਾਣੀਆਂ ਦੇ ਵਿਸ਼ੇ ਸਧਾਰਨ ਮਨੁੱਖ ਦੀ ਤ੍ਰਾਸਦੀ ਜਿਵੇਂ ਮਾਨਸਿਕ ਵਿਗਾੜ, ਸਮਾਜਿਕ ਆਰਥਿਕ ਵਿਗਾੜਾਂ ਨੂੰ ਪੇਸ਼ ਕਰਦੇ ਹੋਏ ਪਾਤਰਾਂ ਦੀਆਂ ਮਨੋਪਰਤਾਂ ਫਰੋਲਣਾ ਹੈ। ਹੱਥਲੀ ਕਹਾਣੀ 'ਆ ਆਪਾਂ ਘਰ ਬਣਾਈਏ ' ਅਜੋਕੇ ਵਿਸ਼ਵੀਕਰਨ ਦੇ ਯੁੱਗ ਵਿੱਚ ਬਦਲਦੀਆਂ ਵੱਖ-ਵੱਖ ਪ੍ਰਸਥਿਤੀਆਂ ਵਿੱਚ ਇੱਕ ਆਪਾ ਖੋ ਬੈਠੇ ਤੇ ਤ੍ਰਾਸਦੀ ਭੋਗਦੇ ਹੋਏ ਹਉਮੈ ਗ੍ਰਸਤ ਮੇਜਾ ਸਿੰਘ ਦੀ ਕਹਾਣੀ ਹੈ।*

***ਕੀਵਰਡ (Keyword): ਵਿਸ਼ਵੀਕਰਨ, ਤ੍ਰਾਸਦੀ, ਮਾਨਸਿਕ ਤੇ ਸਮਾਜਿਕ ਸਥਿਤੀਆਂ, ਹਉਮੈ, ਭੇਦਭਾਵ।***

ਵਿਸ਼ਵੀਕਰਨ ਦਾ ਸੰਕਲਪ ਵੈਸੇ ਤਾਂ ਨਵਾਂ ਨਹੀਂ ਹੈ। ਮਨੁੱਖ ਕਿਸੇ ਨਾ ਕਿਸੇ ਤਰ੍ਹਾਂ ਇਸ ਪ੍ਰਕਿਰਿਆ ਦਾ ਹਿੱਸਾ ਬਣਦਾ ਰਿਹਾ ਹੈ। ਮੱਧਕਾਲ ਵਿਚ ਅਜੋਕੇ ਵਿਸ਼ਵੀਕਰਨ ਵਾਂਗੂ ਵਪਾਰ ਕਰਨ ਲਈ ਵਪਾਰੀ ਲੋਕ ਵਸਤੂਆਂ ਦੇ ਵਟਾਂਦਰੇ ਦੀ ਵਰਤੋਂ ਕਰਦੇ ਸਨ। ਅਜਿਹੇ ਵਪਾਰ ਵੱਖ-ਵੱਖ ਟਾਪੂਆਂ ਜਾਂ ਦੇਸ਼ਾਂ ਆਦਿ ਨਾਲ ਹੋਇਆ ਕਰਦਾ ਸੀ ਜਿਸ ਸਿਲਕੀ ਵੇਅ ਵੀ ਕਿਹਾ ਜਾਂਦਾ ਸੀ। ਅਜੋਕੇ ਸਮੇਂ ਹਰੇਕ ਵਸਤ ਵਰਤਾਰੇ ਬਹੁਤ ਤੇਜੀ ਨਾਲ ਪ੍ਰਭਾਵਿਤ ਕਰ ਰਿਹਾ ਹੈ। ਕੋਸ਼ਗਤ ਸ਼ਬਦਾਂ ਅਨੁਸਾਰ ਵਿਸ਼ਵੀਕਰਨ ਇਕ ਅਜਿਹੀ ਪ੍ਰਕਿਰਿਆ ਹੈ ਜਿਸ ਨਾਲ ਪੂਰਾ ਵਿਸ਼ਵ ਇਕ ਗਲੋਬਲੀ ਪਿੰਡ ਬਣ ਗਿਆ ਹੈ। ਇਹ ਸਭ ਸਾਇੰਸ, ਤਕਨੀਕੀ, ਆਵਾਜਾਈ, ਸੰਚਾਰ, ਵਪਾਰ ਸਾਧਨਾਂ ਕਰਕੇ ਹੋਇਆ ਹੈ। ਵਿਸ਼ਵੀਕਰਨ ਬਹੁਤ ਹੀ ਵਿਸ਼ਾਲ ਤੇ ਵਿਆਪਕ ਪ੍ਰਕਿਰਿਆ ਸਾਬਿਤ ਹੁੰਦੀ ਹੈ। ਅਸੀਂ ਇਸ ਤਰ੍ਹਾਂ ਵੀ ਕਹਿ ਸਕਦੇ ਹਾਂ ਕਿ ਜਿਨ੍ਹਾਂ ਅਸੀਂ ਇਸ ਪ੍ਰਕਿਰਿਆ ਜਰੀਏ ਇਕ-ਦੂਜੇ ਦੇ ਨੇੜੇ ਹੋਏ ਹਾਂ ਉਨੇ ਹੀ ਸਾ ਇਸ ਨੇ ਇਕ ਬਰਬਾਦੀ ਦੇ ਕੰਡੇ ਤੇ ਖੜੇ ਕਰ ਦਿੱਤਾ। ਕਿਸੇ ਵੀ ਇਕ ਮੁਲਕ ਵਿਚ ਵਾਪਰਨ ਵਾਲੀ ਚੰਗੀ ਜਾਂ ਮਾੜੀ ਘਟਨਾ ਦੇ ਨਤੀਜੇ ਹਰ ਮੁਲਕ ਭੁਗਤਨੇ ਪੈਣਗੇ। ਡਾ. ਸਤਿੰਦਰ ਸਿੰਘ ਨੂਰ ਅਨੁਸਾਰ-

> *ਭਾਰਤ ਵਿਦੇਸ਼ੀ ਕੰਪਨੀਆਂ ਦਾ ਪ੍ਰਵੇਸ਼ , ਭਾਰਤੀ ਮੰਡੀਆਂ ਵਿਚ ਵਿਦੇਸ਼ੀ ਵਸਤਾਂ ਦੀ ਭਰਮਾਰ, ਭਾਰਤ ਵਿਚੋਂ ਸਸਤੇ ਕਾਮਿਆਂ ਅਤੇ ਤਕਨੀਕੀ ਮਾਹਿਰਾਂ ਦੀ ਉਪਲੱਬਧੀ, ਵੱਡੇ ਮੁਨਾਫੇ ਅਤੇ ਭਾਰਤੀਆਂ ਦੀ ਸੋਚ ਵਿਚ ਤਬਦੀਲੀ ਲਿਆਉਣ ਲਈ ਬਿਜਲੋਨਿਕ ਮਾਧਿਅਮਾਂ ਰਾਹੀਂ ਖੁੱਲੀ ਡੁੱਲੀ ਨੈਤਿਕਤਾ ਦਾ ਪ੍ਰਚਾਰ ਆਦਿ ਸਭ ਗਲੋਬਲਾਈਜੇਸ਼ਨ ਦੇ ਸੰਕਲਪ ਨਾਲ ਜੁੜਿਆ ਨਜ਼ਰ ਆਉਂਦਾ ਹੈ।*

ਅਜੋਕੇ ਪੂੰਜੀਵਾਦੀ ਅਤੇ ਵਿਸ਼ਵੀਕਰਨ ਦੇ ਯੁੱਗ ਵਿੱਚ ਹਰ ਵਿਅਕਤੀ ਦੁਖੀ, ਪਰੇਸ਼ਾਨ ਦਿਖਾਈ ਦਿੰਦਾ ਹੈ ਕਿਉਂਕਿ ਵਿਸ਼ਵੀਕਰਨ ਦੇ ਨਾਮ ਤੇ ਕਾਰਪੋਰੇਟ ਘਰਾਣੇ ਆਮ ਮਨੁੱਖ ਦੇ ਹੱਕਾਂ ਕੁਚਲ ਕੇ ਆਪਣੀਆਂ ਜੇਬਾਂ ਭਰਨ ਚ ਲੱਗੇ ਹੋਏ ਹਨ। ਅਜਿਹੇ ਸਮੇਂ ਸਧਾਰਨ ਮਨੁੱਖ ਬਹੁਤ ਗਮਗੀਨ,

ਦੁਬਿਧਾਗ੍ਰਸਤ ਤੇ ਬੇਚੈਨੀ ਦਾ ਸ਼ਿਕਾਰ ਹੈ ਕਿਉਂਕਿ ਸਧਾਰਨ ਮਨੁੱਖ ਦੀਆਂ ਰੋਜਾਨਾਂ ਜ਼ਰੂਰਤਾਂ ਭਾਵੇਂ ਸਮਾਜਕ, ਆਰਥਿਕ, ਸਰੀਰਕ, ਮਾਨਸਿਕ ਹੋਣ, ਤ੍ਰਿਪਤੀ ਅਤੇ ਅਤ੍ਰਿਪਤੀ ਵਿਚਕਾਰ ਫਸ ਕੇ ਵਿਡੰਬਨਾ ਦਾ ਸ਼ਿਕਾਰ ਹੁੰਦਾ ਹੈ। ਸਧਾਰਨ ਮਨੁੱਖ ਲੱਖ ਸੁਪਨੇ ਸਜਾ ਲਵੇ ਪਰ ਪੂਰਨ ਤਰੀਕੇ ਤੇ ਪਰਪੱਕ ਰੂਪ ਵਿਚ ਸੰਤੁਸ਼ਟ ਹੋਣਾ ਅਜੋਕੇ ਸਮੇਂ ਵਿਚ ਸੰਭਵ ਨਹੀਂ ਹੈ। ਵਿਸ਼ਵੀਕਰਨ ਦੀ ਇਸ ਪ੍ਰਕਿਰਿਆ ਨੇ ਮਨੁੱਖ ਸਵਾਰਥੀ, ਅਨੈਤਿਕ ਤੇ ਭ੍ਰਿਸ਼ਟਾਚਾਰੀ ਬਣਾ ਦਿੱਤਾ ਹੈ। ਡਾ. ਅਜੀਤਪਾਲ ਸਿੰਘ ਲਿਖਦੇ ਹਨ-

*ਇਹ ਵਰਤਾਰਾ ਸਮਾਜ ਖੁਸ਼ਹਾਲੀ ਤੇ ਕੰਗਾਲੀ ਦੇ ਦੋ ਧਰੁਵਾਂ ਵਿਚ ਵੰਡ ਰਿਹਾ ਹੈ। ਇਕ ਵਰਗ ਕੋਲ ਧਨ ਦੇ ਅੰਬਾਰ ਲੱਗਦੇ ਤੁਰੇ ਜਾਂਦੇ ਹਨ ਅਤੇ ਦੂਸਰੇ ਵਰਗ ਕੋਲ ਅਣਪੂਰੀਆਂ ਆਸਾਂ ਇਕੱਠੀਆਂ ਹੁੰਦੀਆਂ ਜਾਂਦੀਆਂ ਹਨ ਤੇ ਇਉਂ ਸਮਾਜ ਦਾ ਸ਼੍ਰੇਣਿਕ ਪਾੜ੍ਹਾ ਵਧਦਾ ਜਾ ਰਿਹਾ ਹੈ।*[2]

*ਸਿਮਰਨ ਧਾਲੀਵਾਲ ਅਜੋਕੇ ਸਮੇਂ ਦਾ ਕਹਾਣੀਕਾਰ ਹੈ। ਜਿਸਦੇ ਅੱਧੀ ਦਰਜਨ ਤੋਂ ਜਿਆਦਾ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ ਜਿਨ੍ਹਾਂ ਕਹਾਣੀ ਸੰਗ੍ਰਹਿਆਂ ਵਿਚ ਬਾਲ ਕਹਾਣੀ ਸੰਗ੍ਰਹਿ ਵੀ ਸ਼ਾਮਿਲ ਹਨ। ਉਸ ਕੋਲ ਵਿਭਿੰਨ ਵਿਸ਼ਿਆਂ ਉੱਪਰ ਲਿਖਣ ਦੀ ਮੁਹਾਰਤ ਹੈ। ਉਹ ਉਤਮਪੁਰਖੀ ਬਿਰਤਾਂਤਕਾਰ ਦੀ ਵਿਧੀ ਰਾਹੀਂ ਕਹਾਣੀ ਲਿਖਣ ਦਾ ਵਧੇਰੇ ਯਤਨ ਕਰਦਾ ਹੈ।*[3]

*ਵਿਸ਼ੇ, ਭਾਸ਼ਾ ਅਤੇ ਕਲਾ ਪੱਖੋਂ ਤਾਂ ਨਿਪੁੰਨਤਾ ਨਜ਼ਰ ਆਉਂਦੀ ਹੀ ਹੈ ਪਾਤਰਾਂ ਦੀ ਮਾਨਸਿਕਤਾ ਵਿਚ ਧੁਰ ਅੰਦਰ ਉਤਰ ਕੇ ਬਹੁਤ ਬਾਰੀਕੀ ਅਤੇ ਪੁਖਤਗੀ ਨਾਲ ਚਿਤਰਨ ਦੀ ਮੁਹਾਰਤ ਵੀ ਰੱਖਦਾ ਹੈ। ਅਜਿਹੇ ਪਾਤਰਾਂ ਦੀਆਂ ਮਨੋਪਰਤਾਂ ਫੜਕੇ ਉਹਨਾਂ ਦੀ ਡੂੰਘਾਈ ਅਭਿਵਿਅਕਤੀ ਕਰਦਾ ਹੈ। ਕਈ ਪ੍ਰਕਾਰ ਦੀਆਂ ਪ੍ਰਸਥਿਤੀਆਂ, ਆਰਥਿਕ ਸੰਕਟ ਅਤੇ ਸਰੀਰਕ ਲੋੜਾਂ ਮਨੁੱਖੀ ਮਨ ਬਹੁਤ ਪ੍ਰਭਾਵਿਤ ਕਰਦੀਆਂ ਹਨ। ਇਹ ਉਸ ਦੀਆਂ ਕਹਾਣੀਆਂ ਦਾ ਵਿਸ਼ਾ ਬਣ ਕੇ ਉੱਭਰਦਾ ਹੈ। ਸਮਾਜਕ ਪ੍ਰਬੰਧ ਵਿਚ ਹੋ ਰਿਹਾ ਅਨਿਆਂ ਘਟਨਾਵਾਂ ਦੇ ਰੂਪ ਵਿਚ ਉਸ ਦੀਆਂ ਕਹਾਣੀਆਂ ਦੇ ਕੇਂਦਰ ਵਿਚ ਝਲਕਦਾ ਹੈ। ਉਸਦੀਆਂ ਕਹਾਣੀਆਂ ਵਿਸ਼ਵੀਕਰਨ ਦੀਆਂ ਫੇਟਾਂ ਨਾਲ ਥਿੜਕੇ ਪੰਜਾਬੀ ਬੰਦੇ ਦੀ ਡਾਵਾਂਡੋਲ ਮਾਨਸਿਕਤਾ ਫੜਨ ਦਾ ਯਤਨ ਕਰਦੀਆਂ ਹਨ।*[4]

ਅਜੋਕੇ ਸਮੇਂ ਵਿਚ ਹਰ ਵਿਅਕਤੀ ਕਿਸੇ ਨਾ ਕਿਸੇ ਪੀੜਾ, ਤ੍ਰਾਸਦੀ ਦਾ ਸ਼ਿਕਾਰ ਹੈ। ਇਸ ਤ੍ਰਾਸਦੀ ਦੇ ਅਨੇਕਾਂ ਕਾਰਨ ਹਨ ਜਿਵੇਂ ਅਸੀਂ ਉਪਰੋਕਤ ਵਿਚਾਰ ਕੀਤਾ ਹੈ। ਸ਼ਹਿਰੀ ਰਹਿਣ-ਸਹਿਣ ਨੇ ਤਾਂ ਬਹੁਤ ਕੁਝ ਬਦਲ ਦਿੱਤਾ ਹੈ। ਪਰ ਪੇਂਡੂ ਪੱਧਰ ਤੇ ਵੀ ਲੋਕ ਰਹਿਣ-ਸਹਿਣ ਵਿਚ ਬਦਲਾਅ ਆਇਆ ਹੈ। ਇਸ ਬਦਲਾਅ ਨੇ ਵਿਕਾਸ ਘੱਟ ਅਤੇ ਵਿਨਾਸ਼ ਵੱਧ ਕੀਤਾ ਹੈ। ਅਜਿਹੇ ਮਹੌਲ ਵਿਚ ਪੇਂਡੂ ਸਧਾਰਨ ਮਨੁੱਖ ਅਨੇਕਾਂ ਤ੍ਰਾਸਦੀਆਂ ਭੋਗਦਾ ਹੈ। ਜਿਵੇਂ ਕਰਜੇ ਲੈਣੇ, ਫ਼ਸਲ ਦਾ ਮੁੱਲ ਨਾ ਮਿਲਣਾ, ਮਹਿੰਗਾਈ, ਖਰਚ ਵੱਧ ਆਮਦਨ ਘੱਟ ਆਦਿ। ਇਹੋ ਜਿਹੀਆਂ ਸਮੱਸਿਆਵਾਂ/ ਪ੍ਰਸਥਿਤੀਆਂ ਦਾ ਸ਼ਿਕਾਰ ਮਨੁੱਖ ਮਾਨਸਿਕ ਤੌਰ ਤੇ ਆਪਾ ਖੋ ਬੈਠਦਾ ਹੈ।

**ਆ ਆਪਾਂ ਘਰ ਬਣਾਈਏ** ਕਹਾਣੀ ਵੀ ਇੱਕ ਆਪਾ ਖੋ ਬੈਠਣ ਤੇ ਤ੍ਰਾਸਦੀ ਭੋਗਦੇ ਹੋਏ ਹਊਮੈਂ ਗ੍ਰਸਤ ਮੇਜਾ ਸਿੰਘ ਦੀ ਕਹਾਣੀ ਹੈ। ਮੇਜਾ ਸਿੰਘ ਪਿੰਡ ਵਿਚ ਰਹਿਣ ਵਾਲਾ ਸਧਾਰਨ ਆਦਮੀ ਹੈ। ਪਰ ਉਸ ਸਮਾਜਿਕ, ਆਰਥਿਕ ਪ੍ਰਸਥਿਤੀਆਂ ਮਾਨਸਿਕ ਤੌਰ ਤੇ ਵੀ ਪ੍ਰਭਾਵਿਤ ਕਰਦੀਆਂ ਹਨ। ਜਿਨ੍ਹਾਂ ਕਰਕੇ ਉਹ ਹਊਮੈਂ ਦਾ ਪੁਤਲਾ ਬਣ ਜਾਂਦਾ ਹੈ। ਜਿਵੇਂ ਕਹਾਣੀ ਵਿਚ ਵੇਖਦੇ ਹਾਂ ਮੇਜਾ ਸਿੰਘ ਆਪਣੇ ਅਤੇ ਆਪਣੇ ਸਾਹਮਣੇ ਘਰ ਵਾਲੇ ਖੈਰਾਤੀ ਲਾਲ ਨਾਲ ਜਾਣ-ਪਛਾਣ ਕਰਾਉਣ ਉਪਰੰਤ ਨਰੈਣੇ ਦੀ ਗੱਲ ਸ਼ੁਰੂ ਕਰਦਾ ਹੈ। ਇਹ ਗੱਲ ਸਿਰਫ਼ ਨਰੈਣੇ ਬਾਰੇ ਜਿਕਰ ਨਹੀਂ ਹੈ ਬਲਕਿ ਨਰੈਣੇ ਆਪਣੇ ਤੋਂ ਨੀਵਾਂ ਸਮਝਣਾ, ਸੀਰੀ ਲਗਣਾ, ਹੁਣ ਸਾਹਮਣੇ ਨਵਾਂ ਘਰ ਬਣਾਉਣਾ ਮੇਜਾ ਸਿੰਘ ਦੀ ਹਊਮੈਂ ਸੱਟ ਮਾਰਦਾ ਹੈ। ਕਿਉਂਕਿ ਮੇਜਾ ਸਿੰਘ ਨਾਲ ਸੀਰੀ ਰਲ ਕੇ ਉਸਦੇ ਸਾਹਮਣੇ ਖੈਰਾਤੀ ਲਾਲ ਤੋਂ ਥਾਂ ਖਰੀਦ ਕੇ ਨਵਾਂ ਘਰ ਬਣਾਉਣਾ ਤੇ ਉਸਦੀ ਬਰਾਬਰੀ ਕਰਨਾ ਮੇਜਾ ਸਿੰਘ ਤੋਂ ਬਰਦਾਸ਼ਤ ਨਹੀਂ ਹੁੰਦਾ।

ਕਹਾਣੀ ਦੇ ਆਰੰਭ ਵਿਚ ਪਤਾ ਲੱਗਣਾ ਸ਼ੁਰੂ ਹੋ ਜਾਂਦਾ ਹੈ ਜਿਹੜੇ ਥਾਂ ਤੇ ਘਰ ਬਣਾਉਣ ਬਾਰੇ ਗੱਲ ਮੇਜਾ ਸਿੰਘ ਚੰਗੀ ਨਹੀਂ ਲੱਗਦੀ ਉਸ ਥਾਂ ਤੇ ਹੀ ਨਰੈਣਾ ਆਉਂਦਾ-ਜਾਂਦਾ ਰਹਿੰਦਾ ਹੈ। ਨਰੈਣਾ ਮੇਜਾ ਸਿੰਘ ਦੇ ਘਰ ਆ ਕੇ ਗੱਲਾਂ ਕਰਦਾ ਹੈ। ਸਾਰਿਆਂ ਦਾ ਹਾਲ-ਚਾਲ ਪੁੱਛਦਾ ਹੈ। ਘਰ-ਬਾਰ ਬਣਾਉਣ ਬਾਰੇ ਪੁੱਛਦਾ ਹੈ। ਪੁਰਾਣੀਆਂ ਸਾਂਝਾ ਦੀਆਂ ਗੱਲਾਂ ਵੀ ਛੇੜ ਲੈਂਦਾ ਹੈ। ਇਹ ਗੱਲਾਂ ਸੁਣ ਕੇ ਮੇਜਾ ਸਿੰਘ ਦੇ ਅੰਦਰੋਂ ਜਿਵੇਂ ਅੱਗ ਨਿਕਲ ਰਹੀ ਹੋਵੇ, ਉਸ ਇੰਝ ਲੱਗਦਾ ਜਿਵੇਂ ਨਰੈਣਾ ਪੁਰਾਣੀਆਂ ਸਾਂਝਾ, ਘਰ ਦੀਆਂ ਗੱਲਾਂ ਨਹੀਂ ਕਰ ਰਿਹਾ ਬਲਕਿ ਆਪਣੇ ਨਵੇਂ ਬਣਾਏ ਜਾ ਰਹੇ ਘਰ ਦੀ ਗੱਲ ਕਰਕੇ ਮੇਜਾ ਸਿੰਘ ਨੀਚਾ ਦਿਖਾ ਰਿਹਾ ਹੈ। ਉਸਦੀ ਹਊਮੈਂ ਸੱਟ ਲੱਗਦੀ ਹੈ ਜਦੋਂ ਨਰੈਣਾ ਕਹਿੰਦਾ ਹੈ-

*"ਦੇਖਲਾ ਮੇਜਾ ਸਿਆਂ! ਵੇਲੇ-ਵੇਲੇ ਦੀਆਂ ਗੱਲਾਂ ਤੈ ਮੈਂ ਦੱਸਦਾ ਬਈ ਉਦੋਂ ਆਹ ਪਸ਼ੂਆਂ ਲਈ ਪੱਕਾ ਬਰਾਂਡਾ ਨਹੀਂ ਸੀ ਹੁੰਦਾ। ਤੋੜ ਤੀਕ ਕੱਚਾ ਕੋਠਾ*

*ਸੀ। ਇਕ ਪਾਸੇ ਤੂੜੀ ਪਾਉਂਦੇ, ਇਕ ਪਾਸੇ ਪਸ਼ੂ ਬੱਝਦੇ।"*[6]

ਮੇਜਾ ਸਿੰਘ ਹਰ ਪਲ ਨਰੈਣੇ ਤੋਂ ਈਰਖਾ ਕਰਦਾ ਰਹਿੰਦਾ ਹੈ। ਘਰ ਦੀ ਨੀਂਹ ਰੱਖਣ ਤੇ ਜਦੋਂ ਨਰੈਣਾ ਲੱਡੂ ਲੈ ਕੇ ਮੇਜਾ ਸਿੰਘ ਦਾ ਮੂੰਹ ਮਿੱਠਾ ਕਰਾਉਂਦਾ ਤੇ ਉਸ ਆਪਣਾ ਭਰਾ ਵੀ ਦੱਸਦਾ ਹੈ ਤਾਂ ਮੇਜਾ ਸਿੰਘ ਮੂੰਹ ਵਿਚੋਂ ਲੱਡੂ ਕੱਢ ਕੇ ਬਾਹਰ ਕੁੱਤੇ ਪਾ ਦਿੰਦਾ ਹੈ। ਉਸ ਆਪਣੇ ਹਉਮੈਂ ਦੀ ਸਥਿਤੀ ਵਿਚ ਮੂੰਹ ਮਿੱਠਾ ਨਹੀਂ ਕੌੜਾ ਪ੍ਰਤੀਤ ਹੁੰਦਾ ਹੈ ਤੇ ਨਰੈਣਾ ਉਸਦੇ ਜਖਮਾਂ ਤੇ ਲੂਣ ਲਗਾਉਣ ਦਾ ਕਾਰਜ ਕਰਦਾ ਨਜ਼ਰ ਆਉਂਦਾ ਹੈ। ਮੇਜਾ ਸਿੰਘ ਖੁਦ ਵੀ ਆਪਣੇ-ਆਪ ਨਾਲ ਗੱਲਾਂ ਕਰਦਾ ਬੋਲਦਾ ਰਹਿੰਦਾ ਹੈ ਕਿ ਜਿਨ੍ਹਾਂ ਮੋਹ ਨਰੈਣਾ ਦਿਖਾਉਂਦਾ ਹੈ ਉਹ ਉਨ੍ਹਾਂ ਹੀ ਭੈੜਾ ਲੱਗਦਾ ਹੈ। ਮੇਜਾ ਗੁੱਸੇ ਵਿਚ ਬੁੜਬੁੜਾਉਂਦਾ ਹੈ:-

*"ਸਾਲਾ ਬਾਖੜ ਜਿਹਾ ਭਰਾ ਮੇਰੇ ਸੱਜੇ ਪੱਟੋਂ ਕੱਢਿਆ। ਊਂਈ ਸਿਰ ਤੇ ਚੜਦਾ ਜਾਊ।"*[6]

ਚੌਦਾ ਸਾਲ ਸੀਰੀ ਲੱਗ ਕੇ ਭਾਵੇਂ ਭਰਾ ਆਖਦਾ ਫੇਰ ਵੀ ਉਹ ਮੇਜਾ ਸਿੰਘ ਉਸਦੀ ਬਰਾਬਰੀ ਕਰਦਾ ਜਾਪਦਾ। ਪਰ ਮੇਜਾ ਸਿੰਘ ਇਹ ਗੱਲ ਚੰਗੀ ਨਾ ਲੱਗਦੀ। ਮੇਜਾ ਸਿੰਘ ਪੁਰਾਣੇ ਸਮੇਂ ਯਾਦ ਆਉਂਦੇ ਅਤੇ ਗੁੱਸੇ ਵਿਚ ਲਾਲ-ਪੀਲਾ ਹੁੰਦਾ ਰਹਿੰਦਾ ਹੈ ਕਿਉਂਕਿ ਮੇਜਾ ਸਿੰਘ ਦੇ ਬਾਪੂ ਨੇ ਨਰੈਣੇ ਆਪਣੇ ਪੁੱਤਾਂ ਵਾਂਗ ਸਮਝਿਆ ਸੀ। ਇਸ ਕਰਕੇ ਨਰੈਣਾ ਮੇਜਾ ਸਿੰਘ ਆਪਣਾ ਭਰਾ ਮੰਨਦਾ ਹੈ। ਨਰੈਣੇ ਦਾ ਛੋਟਾ ਮੁੰਡਾ ਭੀਲਾ ਤੇ ਮੇਜਾ ਸਿੰਘ ਦਾ ਮੁੰਡਾ ਤਰਸੇਮ ਇਕੱਠੇ ਪੜ੍ਹੇ । ਨਰੈਣੇ ਦਾ ਵੱਡਾ ਮੁੰਡਾ ਆਰਜੂ ਫੌਜ ਵਿਚ ਭਰਤੀ ਹੋ ਚੁੱਕਿਆ ਸੀ। ਇਸ ਲਈ ਭੀਲਾ ਸਕੂਲੋਂ ਹੱਟ ਕੇ ਉਸਦੀ ਬੋਰਾਂ ਵਾਲੀ ਦੁਕਾਨ ਤੇ ਜਗਤਾਰ ਨਾਲ ਜਾਂਦਾ। ਜਗਤਾਰ ਉਰਫ ਤਾਰੀ ਮੇਜਾ ਸਿੰਘ ਦੇ ਤਾਏ ਦਾ ਪੁੱਤ ਸੀ। ਜਦੋਂ ਆਰਜੂ ਭਰਤੀ ਦੀ ਤਿਆਰੀ ਲਈ ਗਰਾਊਂਡ ਜਾਂਦਾ ਸੀ ਤਾਂ ਨਰੈਣਾ ਮੇਜਾ ਸਿੰਘ ਕਹਿ ਜਾਂਦਾ ਹੁੰਦਾ ਸੀ-

*"ਮੇਜਾ ਸਿਆਂ! ਸ਼ੇਮੇ ਭੇਜਿਆ ਕਰ ਗਰਾਊਂਡ 'ਚ। ਆਰਜੂ ਨਾਲ ਲੱਗਾ ਰਿਹਾ ਕਰੂ। ਫੌਜ ਕਿਹੜਾ ਮਾੜੀ ਏ ਗੱਲ ਬਣਜੇ ਤਾਂ। ਸਾਰੀ ਉਮਰ ਦੀ ਰੋਟੀ ਆ।"*[7]

ਇਹ ਗੱਲ ਸੁਣ ਤਾਂ ਮੇਜਾ ਸਿੰਘ ਹੋਰ ਬੁੜਬੁੜਾਉਂਦਾ ਅਤੇ ਘਿਰਣਾ ਨਾਲ ਬੋਲਦਾ ਕਿ ਫੌਜੀ ਤਾਂ ਜਿਵੇਂ ਆਰਜੂ ਹੀ ਉਡੀਕਦੇ ਹੋਣ। ਪਰ ਜਦੋਂ ਆਰਜੂ ਸੱਚਮੁੱਚ ਫੌਜ ਵਿਚ ਭਰਤੀ ਹੋ ਜਾਂਦਾ ਹੈ ਤਾਂ ਮੇਜਾ ਸਿੰਘ ਦੀ ਕਹਿਣੀ ਕਥਨੀ ਪੁੱਠੀ ਪੈ ਜਾਂਦੀ ਹੈ। ਉਸਦੀ ਹਉਮੈਂ ਹੋਰ ਸਿਖਰ ਤੇ ਪੁੱਜ ਜਾਂਦੀ ਹੈ ਕਿ ਜਿਹੜਾ ਸਾਡੇ ਘਰ ਸੀਰੀ ਲੱਗਦਾ ਸੀ ਹੁਣ ਉਹ ਮੇਜਾ ਸਿੰਘ ਤੋਂ ਚੰਗਾ ਘਰ ਪਾ ਰਿਹਾ ਹੈ। ਆਰਜੂ ਫੌਜ ਵਿਚ ਭਰਤੀ ਹੋਣ ਕਰਕੇ ਚੰਗੀ ਤਨਖ਼ਾਹ ਮਿਲਦੀ ਹੈ। ਨਰੈਣਾ ਕੁਝ ਗਾਵਾਂ ਰੱਖ ਕੇ ਆਪਣੇ ਘਰੇਲੂ ਕੰਮ ਚਲਾ ਰਿਹਾ ਹੈ। ਭੀਲਾ ਆਪਣਾ ਕੰਮ ਕਾਰ ਕਰ ਰਿਹਾ ਹੈ। ਜਦੋਂ ਮੇਜਾ ਸਿੰਘ ਦਾ ਬਾਪੂ ਜਿਊਂਦਾ ਸੀ ਉਦੋਂ ਹੀ ਨਰੈਣਾ ਸੀਰੀ ਰਲਿਆ ਸੀ। ਮੇਜੇ ਦਾ ਬਾਪੂ ਸਾਰਿਆਂ ਬਰਾਬਰ ਸਮਝਦਾ ਤੇ ਸਾਰਿਆਂ ਨਾਲ ਪਿਆਰ ਨਾਲ ਪੇਸ਼ ਆਉਂਦਾ ਸੀ। ਇੱਥੇ ਇੱਕ ਟਿੱਪਣੀ ਸ਼ਬਦ ਰਸਾਲੇ ਵਿਚ ਛਪੀ ਬਿਲਕੁਲ ਫਿੱਟ ਬੈਠਦੀ ਹੈ-

*ਸਿਮਰਨ ਧਾਲੀਵਾਲ ਨੇ ਅਜਿਹੇ ਮਨੁੱਖ ਕੇਂਦਰ ਵਿਚ ਰੱਖਿਆ ਹੈ, ਜੋ ਆਪਣੇ ਆਪ ਹੀ ਦੋ ਹਿੱਸਿਆਂ ਵਿਚ ਵੰਡਿਆ ਹੋਇਆ ਹੈ, ਉਸਦਾ ਇੱਕ ਹਿੱਸਾ ਉਸਦੇ ਕਹੇ ਅਨੁਸਾਰ ਚੱਲਦਾ ਹੈ, ਦੂਜਾ ਉਸ ਆਪਣੇ ਕਹੇ ਅਨੁਸਾਰ ਚਲਾਉਂਦਾ ਹੈ।*[8]

ਜਦੋਂ ਮੇਜਾ ਸਿੰਘ ਦਾ ਬਾਪੂ ਗੱਲਾਂ ਕਰਦਾ ਕਰਦਾ ਨਰੈਣੇ ਅਤੇ ਉਸਦੇ ਮੁੰਡਿਆਂ ਦੀ ਤਾਰੀਫ਼ ਕਰਦਾ ਤਾਂ ਮੇਜਾ ਸਿੰਘ ਤੋਂ ਜਰਿਆ ਨਾ ਜਾਂਦਾ। ਉਸ ਖਿੱਝ ਚੜ੍ਹਨ ਲੱਗਦੀ। ਬਾਪੂ ਦੀਆਂ ਗੱਲਾਂ ਸੁਣ ਕੇ ਮੇਜਾ ਗੁੱਸੇ ਵਿਚ ਬੋਲਦਾ-

*"ਬੁੜੇ ਦੀ ਮੱਤ ਮਾਰੀ ਗਈ। ਘਰ ਦਾ ਫਿਕਰ ਕਦੀ ਨਹੀਂ ਕੀਤਾ। ਉਹਦਾ ਬਹੁਤ ਹੇਜ ਆਉਂਦਾ ਇਹ।"*[9]

ਜਦੋਂ ਕਦੇ ਨਰੈਣਾ ਬਾਹਰ ਕੰਮ ਧੰਦੇ ਜਾਂਦਾ ਤਾਂ ਮੇਜਾ ਸਿੰਘ ਕਹਿ ਜਾਂਦਾ ਸੀ ਕਿ ਮਿਸਤਰੀਆਂ ਵੱਲ ਨਜ਼ਰ ਮਾਰ ਆਵੇ ਤਾਂ ਕਿ ਉਹਨਾਂ ਲੱਗੇ ਕਿ ਕੋਈ ਹੈਗਾ ਨਿਗਾਹ ਰੱਖਣ ਵਾਲਾ। ਪਰ ਮੇਜਾ ਸਿੰਘ ਸਾਰੇ ਮਿਸਤਰੀ ਮਜ਼ਦੂਰ ਜ਼ਹਿਰ ਲੱਗਦੇ ਕਿਉਂਕਿ ਉਹ ਨਰੈਣੇ ਦਾ ਘਰ ਬਣਾ ਰਹੇ ਸਨ। ਉਹ ਵੀ ਉਸਦੇ ਘਰ ਦੇ ਬਿਲਕੁਲ ਸਾਹਮਣੇ। ਇਸ ਕਰਕੇ ਮੇਜਾ ਸਿੰਘ ਦੇ ਸੀਨੇ ਅੰਦਰ ਹਉਮੈਂ ਤੇ ਨਫ਼ਰਤ ਦੀ ਲਾਟ ਮੱਚਦੀ ਰਹਿੰਦੀ। ਕਈ ਵਾਰ ਤਾਂ ਉਹਨਾਂ ਸੀਰੀ ਦੇ ਤੌਰ ਤੇ ਕੰਮ ਕਰਨ ਕਰਕੇ ਵੀ ਆਪਣੇ ਵੱਲੋਂ ਤਾਹਨੇ ਮੂੰਹ ਵਿਚ ਬੁੜਬੁੜਾਉਂਦਾ ਰਹਿੰਦਾ। ਜਦੋਂ ਇੱਕ ਦਿਨ ਮੇਜਾ ਸਿੰਘ ਦੀ ਘਰਵਾਲੀ ਕੋਠੇ ਤੇ ਕੱਪੜੇ ਪਾਉਣ ਜਾਂਦੀ ਹੈ ਤਾਂ ਵੇਖਦੀ ਹੈ ਕਿ ਕੁਝ ਹੀ ਦਿਨਾਂ ਵਿਚ ਮਿਸਤਰੀ ਘਰ ਲੈਂਟਰ ਤੀਕ ਲੈ ਗਏ ਹਨ, ਰਸੋਈ, ਵਿਹੜਾ ਸਭ ਕੁਝ ਵਧੀਆ ਹੈ ਤਾਂ ਇਹ ਸੁਣ ਕੇ ਮੇਜਾ ਸਿੰਘ ਨੂੰ ਗੁੱਸਾ ਆਉਂਦਾ ਹੈ ਤੇ ਉਹ ਗੁੱਸੇ ਵਿਚ ਬੋਲਦਾ ਹੈ-

*"ਜਿਹੜਾ ਉਸਦੀ ਹਉਮੈਂ ਪ੍ਰਗਟ ਕਰਦਾ ਹੈ, ਬਿਠਾ ਲਓ ਕੰਮੀ ਕਮੀਨ ਸਿਰ ਤੇ।"*[10]

ਇਸ ਕਹਾਣੀ ਵਿਚ ਨਰੈਣੇ ਵੱਲੋਂ ਵਧੀਆ ਘਰ ਪਾਉਣਾ, ਵੱਡੇ ਮੁੰਡੇ ਆਰਜੂ

ਦਾ ਫ਼ੌਜ ਵਿਚ ਭਰਤੀ ਹੋਣਾ, ਸੀਰੀ ਰਲ ਕੇ, ਦਿਹਾੜੀਆਂ ਕਰ ਕੇ ਵੀ ਵਧੀਆ ਸੁੱਖ ਸਹੂਲਤਾਂ ਪ੍ਰਾਪਤ ਕਰਨਾ ਕਿਤੇ ਨਾ ਕਿਤੇ ਮੇਜਾ ਸਿੰਘ ਦੀ ਨਫ਼ਰਤ ਦਾ ਕਾਰਨ ਉਸਦੀ ਹਉਮੈਂ ਦੇ ਨਾਲ-ਨਾਲ ਕੰਮੀ-ਕਮੀਨ ਲੋਕਾਂ ਅਤੇ ਦਲਿਤ ਵਰਗ ਨਾਲ ਨਫ਼ਰਤ ਦਾ ਮਸਲਾ ਵੀ ਲੱਗਦਾ ਹੈ। ਪਰ ਤਾਰੀ ਜੋ ਮੇਜਾ ਸਿੰਘ ਦੇ ਤਾਏ ਦਾ ਪੁੱਤ ਹੀ ਹੈ ਪਿੰਡ ਦੇ ਲੋਕਾਂ ਬਾਰੇ ਮੇਜਾ ਸਿੰਘ ਕੋਲ ਵਰਤਮਾਨ ਸਮੇਂ ਦੇ ਬਦਲਾਅ ਦੀਆਂ ਗੱਲਾਂ ਕਰਦਾ ਹੈ ਕਿ ਅੱਜ ਕੱਲ ਜਵਾਕ ਕਿਸੇ ਦੀ ਨਾ ਸੁਣਦੇ ਨਾ ਹੀ ਹਾਂ ਸੁਣਦੀਆਂ ਹਨ, ਸਭ ਮਨਮਾਨੀ ਕਰਦੇ ਹਨ। ਕੋਈ ਕੰਮ ਕਰਕੇ ਰਾਜੀ ਨਹੀਂ। ਪਰ ਫੇਰ ਬੰਦੇ ਦੀ ਸਮਾਜ ਚ ਇੱਜਤ ਠੁੱਕ ਹੋਣੀ ਚਾਹੀਦੀ ਹੈ ਕਿ ਬੰਦੇ ਦੀ ਠੁੱਕ ਨਜ਼ਰ ਆਵੇ। ਜਦੋਂ ਤਾਰੀ ਠੁੱਕ ਵਾਲੀ ਗੱਲ ਕਰਦਾ ਹੈ ਤਾਂ ਮੇਜਾ ਸਿੰਘ ਇਸ ਘਰ ਨਾਲ ਜੋੜ ਕੇ ਅਰਥ ਕੱਢਦਾ ਹੈ ਕਿ ਤਾਰੀ ਉਸ ਮਿਹਣਾ ਮਾਰ ਰਿਹਾ ਹੈ ਤਾਂ ਮੇਜਾ ਸਿੰਘ ਦੀ ਈਰਖਾ ਤੇ ਗੁੱਸਾ ਉਸਦੀ ਹਉਮੈਂ ਅੱਗ ਲਾਉਣ ਦਾ ਕੰਮ ਕਰਦੇ ਹਨ। ਜਦੋਂ ਤਾਰੀ ਕਹਿੰਦਾ ਹੈ:-

*"ਅੱਜ ਕੱਲ ਘਰ ਬੂਹਾ ਹੀ ਵੇਖਦਾ ਅਗਲਾ। ਭੜੋਲੇ ਦੇ ਦਾਣੇ ਮੋਏ ਪੁੱਛਦੇ। ਅਸੀਂ ਤਾਂ ਤਾਂਹੀ ਬਾਰਾਂ ਲੱਖ ਖਰਚਤਾ ਭਾਈ। ਕੱਲ ਮੁੰਡੇ ਵੀ ਮੰਗਣੇ ਵਿਆਹੁਣੇ। ਜੱਟਾਂ-ਬੂਟਾਂ ਵਾਲੇ ਕੰਮ ਹੈਨੀ ਹੁਣ।"*[11]

ਕਿਉਂਕਿ ਤਾਰੀ ਨੇ ਖੇਤ ਘਰ ਚੰਗੇ ਪੈਸੇ ਖਰਚ ਕੇ ਬਣਾਇਆ ਸੀ। ਤਾਰੀ ਤਾਂ ਉਸਦਾ ਸ਼ਰੀਕ ਸੀ। ਉਸਦੇ ਤਾਏ ਦਾ ਪੁੱਤ ਸੀ। ਪਰ ਤਾਰੀ ਵੀ ਮੇਜਾ ਸਿੰਘ ਭੈੜਾ ਲੱਗਦਾ। ਤਾਰੀ ਦੇ ਮੁੰਡੇ ਦੇ ਵਿਆਹ ਵਿਚ ਸ਼ਰਾਬ ਪੀ ਕੇ ਮੇਜਾ ਸਿੰਘ ਤੋਂ ਰਿਹਾ ਨਾ ਗਿਆ। ਉਸਨੇ ਆਪਣੇ ਅੰਦਰਲਾ ਗੁੱਭ-ਗੁਲ੍ਹਾਟ ਕੱਢਣਾ ਸ਼ੁਰੂ ਕਰ ਦਿੱਤਾ। ਉਸ ਦਾਰੂ ਪੀ ਕੇ ਡੀ. ਜੇ. ਤੇ ਨੱਚਦੇ ਲੋਕ ਵੀ ਭੈੜੇ ਲੱਗਦੇ ਕਿਉਂਕਿ ਉਹ ਹਰ ਕਿਸੇ ਤੋਂ ਆਪਣੇ ਆਪ ਛੋਟਾ ਮਹਿਸੂਸ ਕਰ ਰਿਹਾ ਸੀ। ਪਰ ਉਸਦੀ ਅੰਦਰਲੀ ਹਉਮੈਂ ਉਸ ਚੁੱਪ ਨਹੀਂ ਰਹਿਣ ਦੇ ਰਹੀ ਸੀ। ਉਹ ਆਪਣੇ-ਆਪ ਸਾਰਿਆਂ ਤੋਂ ਉੱਚਾ ਸਮਝਦਾ ਸੀ। ਇਹ ਗੱਲ ਉਸਦੀ ਮਾਨਸਿਕਤਾ ਵਿਚ ਘਰ ਕਰ ਚੁੱਕੀ ਸੀ। ਇਸ ਤਰ੍ਹਾਂ ਉਸਨੇ ਗੁਰਨਾਮੇ ਪੈਂਚ ਦਾ ਗਲਮਾ ਫੜ੍ਹ ਕੇ ਗਾਲਾਂ ਕੱਢੀਆਂ ਜਿਸਦਾ ਕੋਈ ਕਸੂਰ ਵੀ ਨਹੀਂ ਸੀ, ਫੇਰ ਹੋਰ ਲੜਾਈ ਵੱਧ ਗਈ। ਪਰ ਅੰਤ ਨਰੈਣਾ ਹੀ ਉਸ ਲੈ ਕੇ ਗਿਆ ਤੇ ਸਮਝਾਇਆ। ਉਹ ਭਰਾ-ਭਰਾ ਹਨ ਤੇ ਭਰਾਵਾਂ ਦੇ ਕਾਰਜ ਵਿਚ ਇਸ ਤਰ੍ਹਾਂ ਬੇਰਸੀ ਕਰਦੇ ਚੰਗੇ ਨਹੀਂ ਲੱਗਦੇ। ਨਰੈਣਾ ਸੱਚ-ਮੁੱਚ ਦਿਲੋਂ ਸੱਚਾ ਇਨਸਾਨ ਸੀ। ਮੇਜਾ ਸਿੰਘ ਭਰਾ ਸਮਝਦਾ ਸੀ।

ਇਸ ਪ੍ਰਕਾਰ ਕਹਾਣੀ ਵਿਚ ਨਜ਼ਰ ਆਉਂਦਾ ਹੈ ਕਿ ਮੇਜਾ ਸਿੰਘ ਸਭ ਤੋਂ ਉੱਪਰ ਆਪਣੇ-ਆਪ ਦੇਖਣਾ ਚਾਹੁੰਦਾ ਹੈ। ਪਰ ਉਸ ਕੋਲ ਉਨੇ ਸਾਧਨ ਨਹੀਂ ਸਨ, ਮੁੰਡਾ ਕੰਮ ਨਹੀਂ ਕਰਦਾ ਤੇ ਨਰੈਣੇ ਦੇ ਦੋਵੇਂ ਮੁੰਡੇ ਕੰਮ ਕਰਦੇ ਹਨ, ਨਰੈਣਾ ਖੁਦ ਵੀ ਕੰਮ ਕਰਦਾ ਹੈ। ਜਿਸ ਕਰਕੇ ਮੇਜਾ ਮਾਨਸਿਕ ਸਥਿਤੀ ਪੱਖੋਂ ਹਉਮੈਂ ਦਾ ਸ਼ਿਕਾਰ ਹੋਣ ਕਰਕੇ ਨਫ਼ਰਤ, ਈਰਖਾ, ਗੁੱਸਾ ਆਦਿ ਪਾਲੀ ਬੈਠਾ ਹੈ।

ਹੁਣ ਆਖਰ ਤਰਸੇਮ ਦਾ ਵਿਆਹ ਕਰਨ ਤੋਂ ਪਹਿਲਾਂ ਮੇਜਾ ਸਿੰਘ ਨੇ ਘਰ ਦੀ ਨੀਂਹ ਰੱਖਣੀ ਸੀ। ਝੋਨਾ ਵੇਚ ਕੇ ਪੈਸੇ ਵੱਟ ਲਏ ਸਨ ਹੁਣ ਉਸ ਤਾਰੀ ਵੀ ਚੰਗਾ ਲੱਗਣ ਲੱਗ ਪਿਆ ਸੀ। ਤਰਸੇਮ ਇੱਟਾਂ ਦੀ ਤਰਾਈ ਕਰ ਰਿਹਾ ਸੀ। ਤੇਗਾ ਮਿਸਤਰੀ ਨੀਂਹ ਧਰਨ ਆ ਗਿਆ। ਦਿਹਾੜੀਆਂ ਨੇ ਨੀਂਹ ਪੱਟਣ ਲਈ ਚਾਰ ਕੁ ਟੱਕ ਮਾਰੇ ਤੇ ਹੱਫਣ ਲੱਗ ਪਏ। ਮੇਜਾ ਸਿੰਘ ਕੱਛਾਂ ਵਿਚ ਹੱਥ ਦੇ ਕੇ ਸਭ ਦੇਖ ਰਿਹਾ ਸੀ। ਇੰਨੇ ਨਰੈਣੇ ਨੇ ਮਜ਼ਦੂਰ ਦੇ ਹੱਥੋਂ ਕਹੀ ਫੜੀ ਤੇ ਮੇਜਾ ਸਿੰਘ ਸੰਬੋਧਨ ਕਰਦਾ ਹੋਇਆ ਨੀਂਹ ਪੁੱਟਣ ਲੱਗ ਪਿਆ-

*"ਇਉਂ ਕੱਛਾਂ ਵਿਚ ਹੱਥ ਦਿੱਤਿਆਂ ਘਰ ਨਹੀਂ ਬਣਦੇ ਮੇਜਾ ਸਿਆਂ। ਘਰ ਵਾਲਿਆਂ ਨਾਲ ਵਘਣਾ ਹੀ ਪੈਂਦਾ ਫੜਾ ਉਰੇ ਕਹੀ।"*[12]

ਇਸ ਤਰ੍ਹਾਂ ਨਰੈਣਾ ਤਾਂ ਹਰ ਪੱਖੋਂ ਮੇਜਾ ਸਿੰਘ ਤੇ ਤਾਰੀ ਭਰਾ ਹੀ ਮੰਨਦਾ ਤੇ ਘਰ ਦਾ ਮੁੱਖ ਮੈਂਬਰ ਵੀ। ਪਰ ਕਹਾਣੀ ਦਾ ਮੁੱਖ ਪਾਤਰ ਮੇਜਾ ਸਿੰਘ ਇੱਕ ਹਉਮੈਂ ਗ੍ਰਸਤ ਆਪਣੀ ਮਨਮਾਨੀ ਕਰਨ ਵਾਲਾ ਪਾਤਰ ਸਿੱਧ ਹੁੰਦਾ ਹੈ। ਨਰੈਣਾ ਤਾਂ ਮੇਜਾ ਸਿੰਘ ਦੇ ਬਾਪੂ ਦੇ ਸਮੇਂ ਛੋਟਾ ਹੁੰਦਾ ਹੀ ਉਹਨਾਂ ਦੇ ਸੀਰੀ ਰਲ ਗਿਆ ਸੀ। ਪਰ ਮੇਜਾ ਸਿੰਘ ਨਰੈਣੇ ਨਫ਼ਰਤ ਕਰਦਾ ਹੈ। ਪਰ ਤਾਰੀ ਤਾਂ ਮੇਜਾ ਸਿੰਘ ਦੇ ਤਾਏ ਦਾ ਪੁੱਤਰ ਹੈ। ਉਸਦੀ ਈਰਖਾ, ਨਫ਼ਰਤ ਸਿਰਫ ਕੰਮੀ-ਕਮੀਨ ਹੋਣ ਕਰਕੇ ਨਰੈਣੇ ਨਾਲ ਨਹੀਂ ਤਾਰੀ ਨਾਲ ਵੀ ਹੈ ਜਿਸਨੇ ਘਰ ਬਣਾ ਕੇ ਪੁੱਤਰ ਦਾ ਵਿਆਹ ਕਰ ਲਿਆ। ਇਸ ਤਰ੍ਹਾਂ ਉਹ ਅਜਿਹਾ ਪਾਤਰ ਹੈ ਜੋ ਹਉਮੈਂ ਗ੍ਰਸਤ ਹੋ ਚੁੱਕਾ ਹੈ ਕਿ ਸਿਰਫ ਉਹ ਹੀ ਸਭ ਕੁਝ ਹੈ। ਉਸ ਹੋਰ ਕੋਈ ਭਾਉਂਦਾ ਨਹੀਂ। ਜੋ ਉਸਦੀ ਬਰਾਬਰੀ ਕਰੇ। ਇਸ ਗੱਲ ਦਾ ਪਤਾ ਅੰਤ ਤੇ ਵੀ ਲੱਗਦਾ ਹੈ ਜਦੋਂ ਮੇਜਾ ਸਿੰਘ ਦੇ ਘਰ ਦੀ ਨੀਹ ਰੱਖਣ ਸਮੇਂ ਨਰੈਣਾ ਟੱਕ ਮਾਰਦਾ ਹੈ ਤਾਂ ਮੇਜਾ ਸਿੰਘ ਖਚਰਾ ਜਿਹਾ ਹੱਸਦਾ ਹੈ। ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਉਹ ਹਉਮੈਂ ਵਿਚ ਜਿੱਤ ਪ੍ਰਾਪਤ ਕਰ ਗਿਆ ਹੈ ਜਿਹਨਾਂ ਤੋਂ ਨਫ਼ਰਤ ਕਰਦਾ ਸੀ, ਜਿਹੜੇ ਨਵੇਂ ਘਰ ਬਣਾ ਕੇ ਉਸ ਤੋਂ ਪਹਿਲਾਂ ਉੱਪਰ ਉੱਠ ਚੁੱਕੇ ਸਨ ਉਹੀ ਆਪ ਦਿਹਾੜੀਏ ਵਾਂਗ ਕੰਮ ਆਏ।

## ਹਵਾਲੇ ਅਤੇ ਟਿੱਪਣੀਆਂ


1. ਡਾ. ਅਜੀਤਪਾਲ ਸਿੰਘ, ਐੱਮ. ਡੀ., ਸਾਮਰਾਜੀ ਵਿਸ਼ਵੀਕਰਨ ਬੇਨਕਾਬ (ਭਾਗ ਇੱਕ), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2008, ਪੰਨਾ: 11.
2. ਸੁਤਿੰਦਰ ਸਿੰਘ ਨੂਰ, ਵਿਚਾਰਧਾਰਾ, ਸਾਹਿਤ, ਸਭਿਆਚਾਰ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2005, ਪੰਨਾ: 23.
3. ਬਲਦੇਵ ਸਿੰਘ ਧਾਲੀਵਾਲ, ਪੰਜਾਬੀ ਕਹਾਣੀ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ, 2017, ਪੰਨਾ: 352.
4. ਉਹੀ, ਪੰਨਾ: 352.
5. ਸਿਮਰਨ ਧਾਲੀਵਾਲ, ਆ ਆਪਾਂ ਘਰ ਬਣਾਈਏ, ਗ੍ਰੇਸ਼ੀਅਸ ਬੁੱਕਸ, ਪਟਿਆਲਾ, 2021, ਪੰਨਾ: 10.
6. ਉਹੀ, ਪੰਨਾ: 10.
7. ਉਹੀ, ਪੰਨਾ: 11.
8. ਡਾ. ਜਸਵਿੰਦਰ ਕੌਰ ਬਿੰਦਰਾ, ਸ਼ਬਦ ਅੰਕ, ਅੰਕ ਜੁਲਾਈ-ਸਤੰਬਰ, ਜਲੰਧਰ, 2015.
9. ਸਿਮਰਨ ਧਾਲੀਵਾਲ, ਆ ਆਪਾਂ ਘਰ ਬਣਾਈਏ, ਗ੍ਰੇਸ਼ੀਅਸ ਬੁੱਕਸ, ਪਟਿਆਲਾ, 2021, ਪੰਨਾ: 12.
10. ਉਹੀ, ਪੰਨਾ: 13
11. ਉਹੀ, ਪੰਨਾ: 14.
12. ਸਿਮਰਨ ਧਾਲੀਵਾਲ, ਆ ਆਪਾਂ ਘਰ ਬਣਾਈਏ, ਗ੍ਰੇਸ਼ੀਅਸ ਬੁੱਕਸ, ਪਟਿਆਲਾ, 2021, ਪੰਨਾ: 17.